# ਪੰਜਾਬ ਵਿਚ ਨੌਜਵਾਨ ਵਿਸ਼ਾਲ ਪੱਧਰ ਤੇ ਬੇਰੁਜ਼ਗਾਰ

ਪੰਜਾਬ ਦੇ ਮੁੱਖ ਮੰਤ੍ਰੀ ਅਮਰੀਂਦਰ ਸਿੰਘ ਨੇ ਮਈ 15 ਨੂੰ ਅਮ੍ਰਿਤਸਰ ਵਿਚ ਹੋਏ ਇਕ ਜਲਸੇ ਵਿਚ ਦੱਸਿਆ ਹੈ ਕਿ ਪੰਜਾਬ ਵਿਚ ਇਸ ਵੇਲੇ 40 ਲੱਖ ਨੌਜਵਾਨ ਬੇਰੁਜ਼ਗਾਰ ਹਨ। ਉਸ ਨੇ ਕਿਹਾ ਕਿ ਇਹ ਪੰਜਾਬ ਦੀ ਆਬਾਦੀ ਦਾ 8% ਹਿੱਸਾ ਹੈ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਉਸ ਨੇ ਇਹ ਵੀ ਆਖਿਆ ਕਿ ਉਹ ਅਤੇ ਉਹਦੀਂ ਸਰਕਾਰ ਗਰੀਬੀ ਅਤੇ ਬੇਰੁਜ਼ਗਾਰੀ ਹਟਾਉਣ ਲਈ ਪ੍ਰਤੀਬੱਧ ਹੈ। ਉਸਨੇ ਕਿਹਾ ਕਿ ਇਸ ਸਿਲਸਿਲੇ ਵਿਚ ਅਗਲੇ ਦੋ ਸਾਲਾਂ ਵਿਚ ਉਸ ਦੀ ਸਰਕਾਰ ਇਨ੍ਹਾਂ ਦੋ ਮਸਲਿਆਂ ਦੇ ਹੱਲ ਲਈ ਵਿਕਾਸ ਸੰਬੰਧੀ ਪ੍ਰੋਗਰਾਮ ਸ਼ੁਰੂ ਕਰੇਗੀ। ਉਸਨੇ ਕਿਹਾ ਕਿ ਸਰਕਾਰ ਦੀ ਇਕ ਕਮੇਟੀ ਨੇ 37 ਵੱਡੇ ਪ੍ਰਾਜੈਕਟਾਂ ਨੂੰ (ਮੈਗਾ ਪ੍ਰਾਜੈਕਟ) ਮਨਜ਼ੂਰੀ ਦੇ ਦਿਤੀ ਹੈ ਜਿਨ੍ਹਾਂ ਵਿਚ 50 ਲੱਖ ਲੋਕਾਂ ਨੂੰ ਰੁਜ਼ਗਾਰ ਮਿਲਣ ਦੀ ਸੰਭਾਵਨਾ ਹੈ। ਉਸਨੇ ਕਿਹਾ ਕਿ ਸਰਕਾਰ ਕੋਲੇ ਐਨੇ ਵਸੀਲੇ ਨਹੀਂ ਹਨ ਇਸ ਲਈ ਨਿਜੀ ਕੰਪਨੀਆਂ ਨੂੰ ਵੀ ਪੰਜਾਬ ਵਿਚ ਸਨਅਤ ਖੋਲ੍ਹਣੀ ਚਾਹੀਦੀ ਹੈ ਜਿਸ ਨਾਲ ਰੁਜ਼ਗਾਰ ਦਾ ਮਸਲਾ ਹੱਲ ਹੋ ਸਕੇ। ਇਸ ਦੇ ਨਾਲ ਹੀ ਛੋਟੇ ਅਤੇ ਗਰੀਬ ਕਿਸਾਨਾਂ ਦੇ ਭੈੜੇ ਹਾਲ ਬਾਰੇ ਗੱਲ ਕਰਦੇ ਹੋਏ ਉਸਨੇ ਕਿਹਾ ਕਿ ਇਸ ਮਸਲੇ ਤੇ ਖ਼ਾਸ ਤਵੱਜੋ ਦੇਣ ਦੀ ਲੋੜ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਮੁੱਖ ਮੰਤਰੀ ਦੀਆਂ ਕਹੀਆਂ ਵਿਚੋਂ ਕੋਈ ਵੀ ਗੱਲ ਸੱਚੀ ਨਹੀਂ ਹੈ। ਪੰਜਾਬ ਵਿਚ ਇਸ ਵੇਲੇ 40 ਲੱਖ ਨਾਲੋਂ ਵੀ ਬਹੁਤ ਜ਼ਿਆਦਾ ਨੌਜਵਾਨ ਬੇਰੁਜ਼ਗਾਰ ਹਨ। ਇਕ ਰਿਪੋਰਟ ਮੁਤਾਬਿਕ ਪੰਜਾਬ ਦੇ ਬੇਰੁਜ਼ਗਾਰਾਂ ਦੀ ਗਿਣਤੀ ਕਰੋੜਾਂ ਦੇ ਵਿਚ ਹੈ। ਇਕ ਅੰਦਾਜ਼ਾ ਹੈ ਕਿ ਪੰਜਾਬ ਵਿਚ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ 60-70% ਹੈ ਪਰ ਸਰਕਾਰ ਸਹੀ ਗਿਣਤੀ ਨਹੀਂ ਕਰਦੀ। ਮਿਸਾਲ ਦੇ ਤੌਰ ਤੇ ਜਦੋਂ ਬੇਰੁਜ਼ਗਾਰੀ ਦੀ ਗਿਣਤੀ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਬੇਰੁਜ਼ਗਾਰ ਨਹੀਂ ਗਿਣਿਆਂ ਜਾਂਦਾ ਜਿਨ੍ਹਾਂ ਨੇ ਆਪਣੇ ਨਾਂ ਰੋਜ਼ਗਾਰ ਦੇ ਦਫ਼ਤਰਾਂ ਵਿਚ ਲਿਖਾਏ ਹੀ ਨਹੀਂ ਜਾਂ ਜਿਨ੍ਹਾਂ ਦੇ ਨਾਂ ਇਨ੍ਹਾਂ ਦਫ਼ਤਰਾਂ ਵਿਚ ਦਰਜ ਨਹੀਂ ਕੀਤੇ ਜਾਂਦੇ। ਇਸ ਦੇ ਬਾਅਦ ਜਿਹੜੇ ਨੌਜਵਾਨ ਸਾਲ ਵਿਚ ਕੁਝ ਦਿਨ ਵੀ ਕੋਈ ਕੰਮ ਕਰ ਲੈਣ ਤਾਂ ਉਨ੍ਹਾਂ ਨੂੰ ਬੇਰੁਜ਼ਗਾਰਾਂ ਵਿਚ ਨਹੀਂ ਗਿਣਿਆ ਜਾਂਦਾ। ਸੋ ਬੇਰੁਜ਼ਗਾਰ ਨੌਜੁਆਨਾਂ ਦੀ ਸਹੀ ਤਾਦਾਦ ਬਾਰੇ ਮੁੱਖ ਮੰਤ੍ਰੀ ਸਰਾਸਰ ਝੂਠ ਬੋਲ ਰਿਹਾ ਹੈ। ਇਸ ਦੇ ਬਾਅਦ ਦੂਸਰਾ ਝੂਠ ਮੁਖ ਮੰਤ੍ਰੀ ਦਾ ਇਹ ਹੈ ਕਿ ਉਹ ਕਹਿੰਦਾ ਹੈ ਕਿ ਉਸ ਦੀ ਸਰਕਾਰ ਗਰੀਬੀ ਅਤੇ ਬੇਰੁਜ਼ਗਾਰੀ ਹਟਾਉਣ ਲਈ ਪ੍ਰਤੀਬੱਧ ਹੈ। ਇਹ ਪ੍ਰਤੀਬੱਧਤਾ ਦਾ ਰੌਲਾ ਕਾਂਗਰਸ ਪਾਰਟੀ 1947 ਤੋਂ ਹੀ ਪਾਉਂਦੀ ਆ ਰਹੀ ਹੈ ਪਰ ਅਮੀਰ ਹੋਰ ਅਮੀਰ ਹੁੰਦੇ ਜਾ ਰਹੇ ਹਨ ਅਤੇ ਗਰੀਬ ਹੋਰ ਗਰੀਬ ਹੁੰਦੇ ਜਾ ਰਹੇ ਹਨ। ਬੇਰੁਜ਼ਗਾਰੀ ਵੱਧਦੀ ਹੀ ਜਾ ਰਹੀ ਹੈ। ਹਾਕਮ ਜਮਾਤਾਂ ਦੀ ਹਰ ਪਾਰਟੀ ਗਰੀਬੀ ਹਟਾਉਣ, ਬੇਰੁਜ਼ਗਾਰੀ ਹਟਾਉਣ ਦੇ ਪ੍ਰੋਗਰਾਮਾਂ ਦੇ ਐਲਾਨ ਕਰਦੀ ਹੈ ਪਰ ਗਰੀਬੀ ਹੋਰ ਵਧਦੀ ਜਾਂਦੀ ਹੈ। ਅਮਰਿੰਦਰ ਦੀ ਸਰਕਾਰ ਅਤੇ ਹੋਰਨਾਂ ਸਰਕਾਰਾਂ ਦਾ ਮੰਤਵ ਅਮੀਰਾਂ ਦੀ ਜੇਬਾਂ ਭਰਨਾ ਹੈ ਗਰੀਬੀ ਅਤੇ ਬੇਰੁਜ਼ਗਾਰੀ ਖ਼ਤਮ ਕਰਨਾ ਨਹੀਂ। ਮਿਸਾਲ ਦੇ ਤੌਰ ਤੇ ਜੇ ਅਸੀਂ ਇਸ ਸਾਲ ਦੇ ਕੇਂਦਰੀ ਬਜਟ ਤੇ ਝਾਤ ਮਾਰੀਏ ਤਾਂ ਇਹ ਦਿਸਦਾ ਹੈ ਕਿ ਇਸ ਬਜਟ ਵਿਚ ਕੁਲ ਖਰਚਾ 514344 ਕਰੋੜ ਰੁਪਏ ਹੋਣ ਦਾ ਅੰਦਾਜ਼ਾ ਲਾਇਆ ਗਿਆ ਹੈ। ਕੁਲ ਖਰਚੇ ਵਿਚੋਂ 381929 ਕਰੋੜ ਰੁਪਿਆ ਸਿਰਫ਼ ਕਰਜ਼ੇ ਮੋੜਨ ਜਾਂ ਵਿਆਜ ਭਰਨ ਤੇ ਖ਼ਰਚਿਆ ਜਾਵੇਗਾ ਜੋ ਕਿ ਇਸ ਬਜਟ ਦਾ 74.60% ਹੈ। ਇਹਦੇ ਨਾਲ ਹੀ ਫੌਜ ਅਤੇ ਅਸਲੇ ਤੇ 83000 ਕਰੋੜ ਰੁਪਏ ਖਰਚਣ ਦੀ ਵਿਉਂਤ ਬਣਾਈ ਗਈ ਹੈ ਜੋ ਕਿ ਇਸ ਬਜਟ ਦਾ 16% ਹੈ। ਇਸ ਬਜਟ ਵਿਚ ਸਮਾਜਿਕ ਸੇਵਾਵਾਂ ਜਿਵੇਂ ਕਿ ਖੇਤੀ, ਸਨਅਤ, ਬਿਜਲੀ, ਆਵਾਜਾਵੀ, ਵਿਗਿਆਨ ਅਤੇ ਤਕਨੀਕੀ ਸੇਵਾਵਾਂ ਤੇ 13413 ਕਰੋੜ ਖਰਚ ਕਰਣ ਦੀ ਯੋਜਨਾ ਹੈ ਜੋ ਕਿ ਇਸ ਬਜਟ ਦਾ ਸਿਰਫ਼ 2.6% ਹੀ ਹੈ। ਇਹਦੇ ਅਲਾਵਾ ਤਾਲੀਮ, ਸਿਹਤ ਅਤੇ ਪ੍ਰਸਾਰਣ ਉਤੇ 7522 ਕਰੋੜ ਰੁਪਏ ਖਰਚ ਕਰਨ ਦੀ ਤਜਵੀਜ਼ ਹੈ ਜੋ ਕਿ ਇਸ ਬਜਟ ਦਾ ਸਿਰਫ਼ 1.46% ਹੀ ਹੈ। ਜੋ ਸਰਕਾਰ ਬਜਟ ਦਾ 75% ਹਿੱਸਾ ਸ਼ਾਹੂਕਾਰਾਂ ਦੀਆਂ ਜੇਬਾਂ ਭਰਨ ਲਈ, ਉਨ੍ਹਾਂ ਦੇ ਕਰਜ਼ੇ ਦਾ ਵਿਆਜ ਭਰਨ ਲਈ ਖ਼ਰਚ ਕਰ ਰਹੀ ਹੈ ਉਹ ਗਰੀਬੀ ਅਤੇ ਬੇਰੁਜ਼ਗਾਰੀ ਕਿਸ ਤਰ੍ਹਾਂ ਖ਼ਤਮ ਕਰ ਸਕਦੀ ਹੈ? ਅਮਰਦਿੰਰ ਨੇ ਜਾਂ ਤਾਂ ਇਹ ਸਰਕਾਰੀ ਬਜਟ ਦੇਖਿਆ ਹੀ ਨਹੀਂ ਤੇ ਜਾਂ ਲੋਕਾਂ ਦੀ ਅੱਖਾਂ ਵਿਚ ਘੱਟਾ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਪੁੱਛਿਆ ਜਾ ਸਕਦਾ ਹੈ ਕਿ ਮੁੱਖ ਮੰਤ੍ਰੀ ਇਸ ਵੇਲੇ ਬੇਰੁਜ਼ਗਾਰੀ ਤੇ ਗ਼ਰੀਬੀ ਦੇ ਮਸਲੇ ਬਾਰੇ ਗੱਲ ਕਿਉਂ ਕਰ ਰਿਹਾ ਹੈ? ਉਹਦੀ ਕੀ ਮਜਬੂਰੀ ਹੈ ਮੁੱਖ ਮੰਤਰੀ ਨੂੰ ਇਹ ਗੱਲ ਇਸ ਲਈ ਕਰਨੀ ਪਈ ਕਿ ਇਕ ਤਾਂ ਉਹ ਅਗਲੀਆਂ ਚੋਣਾਂ ਲਈ ਹੁਣ ਤੋਂ ਭੂਮਿਕਾ ਬੰਨ੍ਹ ਰਿਹਾ ਹੈ। ਦੂਸਰੀ ਗੱਲ ਇਹ ਕਿ ਉਹ ਨੌਜਵਾਨਾਂ ਨੂੰ ਸੰਬੋਧਿਤ ਹੋ ਕੇ ਉਨ੍ਹਾਂ ਦੀਆਂ ਵੋਟਾਂ ਆਪਣੇ ਵਾਸਤੇ ਪੱਕੀਆਂ ਕਰਨ ਲਈ ਉਨ੍ਹਾਂ ਦੀਆਂ ਅੱਖਾਂ ਵਿਚ ਘੱਟਾ ਪਾ ਰਿਹਾ ਸੀ। ਉਹ ਇਸ ਗੱਲ ਤੋਂ ਇਨਕਾਰ ਵੀ ਨਹੀਂ ਸੀ ਕਰ ਸਕਦਾ ਕਿ ਨੌਜਵਾਨਾਂ ਨੂੰ ਬੇਰੁਜ਼ਗਾਰੀ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਨੌਜਵਾਨਾਂ ਨੇ ਉਸ ਨੂੰ ਇਹ ਪੁਛਿਆ ਸੀ ਕਿ ਸਰਕਾਰ ਇਸ ਮਸਲੇ ਬਾਰੇ ਕੀ ਕਰ ਰਹੀ ਹੈ? ਉਹ ਇਸ ਗੱਲ ਤੋਂ ਇਨਕਾਰ ਨਹੀਂ ਸੀ ਕਰ ਸਕਦਾ ਕਿ ਗਰੀਬੀ ਅਤੇ ਬੇਰੁਜ਼ਗਾਰੀ ਵੱਡੇ ਮਸਲੇ ਹਨ। ਉਹ ਦਿਨ ਗਏ ਜਦੋਂ ਸਰਕਾਰਾਂ ਅਤੇ ਹਾਕਮ ਜਮਾਤਾਂ ਦੇ ਨੁਮਾਇੰਦੇ ਇਹ ਕਹਿ ਕੇ ਗੱਲ ਟਾਲ ਦਿੰਦੇ ਸੀ ਕਿ ਪੰਜਾਬ ਹਿੰਦੁਸਤਾਨ ਦਾ ਸਾਰਿਆਂ ਨਾਲੋ ਜ਼ਿਆਦਾ ਖ਼ੁਸ਼ਹਾਲ ਇਲਾਕਾ ਹੈ ਅਤੇ ਪੰਜਾਬ ਵਿਚ ਗ਼ਰੀਬੀ ਅਤੇ ਬੇਰੁਜ਼ਗਾਰੀ ਦਾ ਕੋਈ ਮਸਲਾ ਹੈ ਹੀ ਨਹੀਂ।

ਛੋਟੇ ਅਤੇ ਗਰੀਬ ਕਿਸਾਨਾਂ ਦੇ ਭੈੜੇ ਹਾਲ ਬਾਰੇ ਮੁੱਖ ਮੰਤਰੀ ਕਹਿੰਦਾ ਹੈ ਕਿ ਇਸ ਮਸਲੇ ਵੱਲ ਖ਼ਾਸ ਧਿਆਨ ਦੇਣ ਦੀ ਲੋੜ ਹੈ। ਸੁਆਲ ਉੱਠਦਾ ਹੈ ਕਿ ਅਜੇ ਤਾਈਂ ਧਿਆਨ ਕਿਸ ਕਰਕੇ ਨਹੀਂ ਦਿਤਾ? ਉਹ ਕਿਸ ਫਤਵੇ ਦੀ ਉਡੀਕ ਵਿਚ ਸੀ? ਕਰੋੜਾਂ ਹੀ ਛੋਟੇ ਅਤੇ ਗਰੀਬ ਕਿਸਾਨ ਕਰਜ਼ੇ ਦੀ ਜਕੜ ਵਿਚ, ਸ਼ਾਹੂਕਾਰਾਂ, ਬੈਂਕਾਂ ਦੀ ਜਕੜ ਵਿਚ ਕੁਰਲਾ ਰਹੇ ਹਨ। ਆਤਮਹੱਤਿਆ ਕਰ ਰਹੇ ਹਨ। ਪਰ ਸਰਕਾਰ ਬਜਟ ਦਾ 75% ਹਿੱਸਾ ਇਨ੍ਹਾਂ ਸ਼ਾਹੂਕਾਰਾਂ, ਬੈਂਕਾਂ ਅਤੇ ਸੂਦਖ਼ੋਰਾਂ ਦੀਆਂ ਜੇਬਾਂ ਵਿਚ ਪਾ ਰਹੀ ਹੈ। ਮੁੱਖ ਮੰਤਰੀ ਕਹਿ ਰਿਹਾ ਹੈ ਕਿ ਛੋਟੇ ਅਤੇ ਗਰੀਬ ਕਿਸਾਨਾਂ ਵਲ ਖ਼ਾਸ ਧਿਆਨ ਦੇਣ ਦੀ ਲੋੜ ਹੈ। ਇਹ ਸਿਰਫ਼ ਲੋਕਾਂ ਨੂੰ ਵੇਵਕੂਫ਼ ਬਣਾ ਕੇ ਖੁੱਡੇ ਲਾਉਣ ਲਈ, ਉਨ੍ਹਾਂ ਦੀ ਅੱਖਾਂ ਤੇ ਪਰਦਾ ਪਾਉਣ ਦੀਆਂ ਗੱਲਾਂ ਹਨ। ਕੇਂਦਰੀ ਤੇ ਸੂਬਾਈ ਸਰਕਾਰਾਂ ਅਤੇ ਮੁੱਖ ਮੰਤਰੀ ਕਹਿੰਦੇ ਹੋਰ ਤੇ ਕਰਦੇ ਹੋਰ ਨੇ।

ਗ਼ਰੀਬੀ ਅਤੇ ਬੇਰੁਜ਼ਗਾਰੀ ਮੌਜੂਦਾ ਆਦਮਖ਼ੋਰ ਆਰਥਕ ਅਤੇ ਸਿਆਸੀ ਢਾਂਚੇ ਦੀ ਲੋੜ ਵੀ ਹੈ ਅਤੇ ਨਤੀਜਾ ਵੀ ਹੈ। ਇਹ ਇਸ ਤੰਤਰ ਦੀ ਉਪਜ ਹੈ। ਇਕ ਪਾਸੇ ਲੋਟੂਆਂ ਦੇ ਮੁਨਾਫ਼ੇ ਵੱਧਦੇ ਜਾਂਦੇ ਹਨ ਦੂਸਰੇ ਪਾਸੇ ਕਿਰਤੀ, ਕਿਸਾਨਾਂ ਅਤੇ ਹੋਰ ਕੰਮ ਧੰਦੇ ਕਰਨ ਵਾਲਿਆਂ ਦੀ ਗਰੀਬੀ ਵਧਦੀ ਜਾਂਦੀ ਹੈ। ਕਿਉਂਕਿ ਵਸਤਾਂ ਅਤੇ ਜਿਣਸਾਂ ਦੇ ਪੈਦਾ ਕਰਨ ਦਾ ਮੰਤਵ ਵੱਧ ਤੋਂ ਵੱਧ ਮੁਨਾਫ਼ਾ ਹੈ ਨਾ ਕਿ ਗਰੀਬੀ ਅਤੇ ਬੇਰੁਜ਼ਗਾਰੀ ਹਟਾਉਣਾ, ਇਸ ਲਈ ਪੈਦਾਵਾਰ ਅਤੇ ਮੁਨਾਫ਼ੇ ਵਧਦੇ ਹਨ ਅਤੇ ਇਸ ਦੇ ਨਾਲ ਹੀ ਗਰੀਬੀ ਅਤੇ ਬੇਰੁਜ਼ਗਾਰੀ ਵੀ ਵਧਦੀ ਹੈ। ਇਸ ਅਰਥਚਾਰੇ ਵਿਚ ਗਰੀਬੀ ਅਤੇ ਬੇਰੁਜ਼ਗਾਰੀ ਖ਼ਤਮ ਹੋ ਹੀ ਨਹੀਂ ਸਕਦੀ। ਇਹਦਾ ਮੁੱਖ ਮੰਤਰੀ ਨੂੰ ਵੀ ਇਹ ਪਤਾ ਹੈ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਵੀ। ਪੰਜਾਬ ਅਤੇ ਹਿੰਦੁਸਤਾਨ ਵਿਚ ਭਾਵੇਂ ਜਿੰਨੀਆਂ ਮਰਜ਼ੀ ਦੇਸੀ ਜਾਂ ਬਦੇਸ਼ੀ ਕੰਪਨੀਆਂ ਸਨਅਤ ਲਾ ਲੈਣ ਗਰੀਬੀ ਅਤੇ ਬੇਰੁਜ਼ਗਾਰੀ ਖ਼ਤਮ ਹੋ ਹੀ ਨਹੀਂ ਸਕਦੀ। ਇਨ੍ਹਾਂ ਕੰਪਨੀਆਂ ਨੂੰ ਗ਼ਰੀਬੀ ਅਤੇ ਬੇਰੁਜ਼ਗਾਰੀ ਦੀ ਲੋੜ ਹੈ। ਇਨ੍ਹਾਂ ਤੋਂ ਬਗੈਰ ਇਹ ਚਲ ਹੀ ਨਹੀਂ ਸਕਦੀਆਂ। ਇਨ੍ਹਾਂ ਦੇ ਮੁਨਾਫ਼ੇ ਤੱਦ ਹੀ ਵੱਧ ਸਕਦੇ ਹਨ ਜੇ ਸਸਤੇ ਮਜ਼ਦੂਰ ਮਿਲਣ ਅਤੇ ਜੇ ਗਰੀਬੀ ਤੇ ਬੇਰੁਜ਼ਗਾਰੀ ਨਾ ਹੋਈ ਤਾਂ ਸਸਤੇ ਮਜ਼ਦੂਰ ਕਿਵੇਂ ਮਿਲਣਗੇ? ਇਹ ਹੀ ਵਜ੍ਹਾ ਹੈ ਕਿ ਅਮਰੀਕਾ ਅਤੇ ਯੂਰਪ ਤੋਂ ਵੀ ਕੰਪਨੀਆਂ ਪੰਜਾਬ, ਹਿੰਦੁਸਤਾਨ ਅਤੇ ਹੋਰਨਾਂ ਗਰੀਬ ਮੁਲਕਾਂ ਵਿਚ ਵਸਤਾਂ ਬਣਾਉਣ ਲਈ ਆਪਣੇ ਅਦਾਰੇ ਖੋਲ ਰਹੀਆਂ ਹਨ। ਗਰੀਬੀ ਅਤੇ ਬੇਰੁਜ਼ਗਾਰੀ ਸਰਮਾਏਦਾਰਾਂ ਦੇ ਮੁਨਾਫ਼ੇ ਵਧਾਉਂਦੇ ਹਨ। ਪਰ ਰਾਜ ਤੰਤਰ ਉਤੇ ਹਾਕਮ ਜਮਾਤਾਂ ਦਾ ਕਬਜ਼ਾ ਰੱਖਣ ਲਈ ਹਾਕਮ ਜਮਾਤਾਂ ਅਤੇ ਉਨ੍ਹਾਂ ਦੀਆਂ ਪਾਰਟੀਆਂ ਲੋਕਾਂ ਵਿਚ ਸਫ਼ੈਦ ਝੂਠ, ਅੱਧਾ ਸੱਚ ਅਤੇ ਹੋਰ ਹਰ ਤਰਾਂ ਦੇ ਝੂਠ ਬੋਲਦੇ ਹਨ। ਇਸ ਨਾਲ ਉਹ ਲੋਕਾਂ ਦਾ ਧਿਆਨ ਇਨ੍ਹਾਂ ਮਸਲਿਆਂ ਦੇ ਹੱਲ ਤੋਂ ਹੋਰ ਪਾਸੇ ਲਾਉਣ ਦੀ ਕੋਸ਼ਿਸ਼ ਕਰਦੇ ਹਨ।

ਪੰਜਾਬ ਅਤੇ ਹਿੰਦੁਸਤਾਨ ਵਿਚ ਗਰੀਬ, ਬੇਰੁਜ਼ਗਾਰ, ਕਿਰਤੀ, ਕਿਸਾਨ, ਔਰਤਾਂ, ਨੌਜਵਾਨ, ਦਲਿਤ ਅਤੇ ਹੋਰ ਸਭ ਲੁੱਟ ਅਤੇ ਜਬਰ ਦੇ ਸ਼ਿਕਾਰ ਲੋਕ ਬਹੁਤ ਰੋਹ ਵਿਚ ਹਨ। ਉਹ ਇਨ੍ਹਾਂ ਮਸਲਿਆਂ ਦੇ ਹੱਲ ਲਈ ਨਵੇਂ ਰਾਹ ਲੱਭ ਰਹੇ ਹਨ। ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਹਾਕਮ ਜਮਾਤਾਂ ਦੇ ਹੋਰ ਲੀਡਰ ਉਨ੍ਹਾਂ ਨੂੰ ਕਹਿੰਦੇ ਹਨ ਕਿ ਤੁਸੀਂ ਸਾਡੇ ਤੇ ਇਤਬਾਰ ਕਰੋ। ਅਸੀਂ ਇਹ ਸਾਰੇ ਮਸਲੇ ਹੱਲ ਕਰ ਦੇਵਾਂਗੇ। ਪਰ ਲੋਕਾਂ ਦਾ ਤਜਰਬਾ ਕੁਝ ਹੋਰ ਹੀ ਦੱਸਦਾ ਹੈ ਅਤੇ ਉਹ ਆਪਣੇ ਤਜਰਬੇ ਤੋਂ ਸਿੱਟੇ ਕੱਢ ਕੇ ਨਵੀਂ ਸਿਆਸੀ ਪ੍ਰਣਾਲੀ, ਨਵਾਂ ਰਾਜਤੰਤਰ ਬਣਾਉਣ ਦੀ ਭਾਲ ਵਿਚ ਹਨ। ਉਨ੍ਹਾਂ ਦਾ ਤਜਰਬਾ ਦੱਸਦਾ ਹੈ ਕਿ ਸਿਰਫ਼ ਨਵੇਂ ਤੰਤਰ ਅਤੇ ਨਵੀਂ ਸਿਆਸੀ ਪ੍ਰਣਾਲੀ ਨਾਲ ਹੀ ਉਹ ਆਪਣੇ ਮਸਲੇ ਹੱਲ ਕਰ ਸਕਦੇ ਹਨ। ਇਸ ਨਵੀਂ ਪ੍ਰਣਾਲੀ ਬਾਰੇ ਲੋਕਾਂ ਵਿਚ ਬਹੁਤ ਚਰਚਾ ਚਲ ਰਹੀ ਹੈ। ਲੋਕ ਪੁਛ ਰਹੇ ਨੇ ਕੀ ਕਰਨ ਦੀ ਲੋੜ ਹੈ? ਹਾਲਾਤ ਕਿਸ ਤਰਾਂ ਬਦਲੇ ਜਾ ਸਕਦੇ ਹਨ? ਇਸ ਲਈ ਮੁੱਖ ਮੰਤਰੀ ਉਨ੍ਹਾਂ ਦਾ ਨੂੰ ਕੁਰਾਹੇ ਪਾਉਣ ਲਈ ਸਫ਼ੈਦ ਝੂਠ ਦਾ ਸਹਾਰਾ ਲੈ ਰਿਹਾ ਹੈ ਅਤੇ ਆਪਣੇ ਜਮਾਤੀ ਹਿਤਾਂ ਦੀ ਪੈਰਵੀ ਕਰ ਰਿਹਾ ਹੈ।